ਪੰਜਾਬੀ ਯੂਨੀਵਰਸਿਟੀ , ਪਟਿਆਲਾ
1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ
(ਸੀ.ਪੀ.ਸੀ.ਸੈਕਸ਼ਨ)

ਨੰਬਰ------/ਸੀ.ਪੀ.ਸੀ.
ਮਿਤੀ:

ਵਿਸ਼ਾ: ਪੁਰਾਣੇ ਪ੍ਰਸ਼ਨ-ਪੱਤਰਾਂ ਦੀ ਰੱਦੀ ਵੇਚਣ ਸਬੰਧੀ।

ਮੀਮੋ:

ਯੂਨੀਵਰਸਿਟੀ ਵਿਖੇ ਪੁਰਾਣੇ ਪ੍ਰਸ਼ਨ ਪੱਤਰ, ਖਾਕੀ ਲਿਫਾਫ਼ਿਆਂ, ਗੱਤੇ ਦੇ ਡਿੱਬਿਆਂ ਆਦਿ ਦੀ ਰੱਦੀ ਵੇਚਣ ਹਿੱਤ ਲੋਕਲ ਠੇਕੇਦਾਰਾਂ/ ਫ਼ਰਮਾਂ ਪਾਸੋਂ ਮਿਤੀ 2.4.2018 ਤੱਕ ਕੁਟੇਸ਼ਨਾਂ ਮੰਗੀਆਂ ਗਈਆਂ ਸਨ, ਪਰੰਤੂ ਮਿਤੀ 2.4.18 ਨੂੰ ਭਾਰਤ ਬੰਦ ਦੇ ਮੱਦੇਨਜ਼ਰ ਯੂਨੀਵਰਸਿਟੀ ਵਿਖੇ ਛੁੱਟੀ ਹੋ ਗਈ ਸੀ। ਇਸ ਕਰਕੇ ਹੁਣ ਇਹ ਰੱਦੀ (ਪ੍ਰਸ਼ਨ ਪੱਤਰ/ਲਿਫਾਫੇ/ਗੱਤੇ ਦੇ ਡੱਬੇ ਆਦਿ) ਨੂੰ ਵੇਚਣ ਲਈ ਮਿਤੀ 12.4.2018 ਬਾਅਦ ਦੁਪਹਿਰ 2.30 ਵਜੇਂ ਤੱਕ ਕੁਟੇਸ਼ਨਾਂ ਮੰਗੀਆਂ ਗਈਆਂ ਸਨ ਇਹ ਕੁਟੇਸ਼ਨਾਂ ਮੰਗਣ ਦੀ ਮਿਤੀ ਵਧਾ ਕੇ ਹੁਣ 27.4.2018 ਨੂੰ ਬਾਅਦ ਦੁਪਹਿਰ 2.30 ਵਜੇ ਤਕ ਕਰ ਦਿੱਤੀ ਗਈ ਹੈ। ਕੁਟੇਸ਼ਨਾਂ ਸਹਾਇਕ ਰਜਿਸਟਰਾਰ(ਗੁਪਤ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਨਾਲ 5000/-ਰੁਪਏ ਦਾ ਬੈਂਕ ਡਰਾਫ਼ਟ ਜੋ ਕਿ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਹੋਵੇ, ਨੱਥੀ ਕੀਤਾ ਜਾਵੇ।

ਇਹ ਕੁਟੇਸ਼ਨਾਂ ਮਿਤੀ 27-04-2018 ਨੂੰ ਬਾਅਦ-ਦੁਪਹਿਰ 2.30 ਵਜੇ ਤੱਕ ਪੁਜਣੀਆਂ ਜਰੂਰੀ ਹਨ। ਸਬੰਧਿਤ ਸ਼ਰਤਾਂ ਮੌਕੇ ਤੇ ਸੁਣਾਈਆਂ ਜਾਣਗੀਆਂ। ਕੁਟੇਸ਼ਨਾਂ ਮਨਜ਼ੂਰ ਹੋਣ ਦੀ ਮਿਤੀ ਤੋਂ ਪੰਜ ਦਿਨਾਂ ਦੇ ਅੰਦਰ-ਅੰਦਰ ਸਾਰੀ ਰੱਦੀ ਪੂਰੀ ਅਦਾਇਗੀ ਦੇ ਕੇ ਚੁੱਕਣੀ ਹੋਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿਚ ਕੁਟੇਸ਼ਨ ਰੱਦ ਸਮਝੀ ਜਾਵੇਗੀ ਅਤੇ ਬੈਂਕ ਡਰਾਫ਼ਟ ਦੀ ਰਕਮ ਜ਼ਬਤ ਕੀਤੀ ਜਾਵੇਗੀ।

ਰਜਿਸਟਰਾਰ ਸਾਹਿਬ ਨੂੰ ਇਹ ਪੂਰਾ ਅਧਿਕਾਰ ਹੈ ਕਿ ਉਹ ਬਿਨ੍ਹਾਂ ਕਾਰਨ ਦੱਸੇ ਕਿਸੇ ਵੀ ਕੁਟੇਸ਼ਨ ਨੂੰ ਰੱਦ ਕਰ ਸਕਦੇ ਹਨ ਅਤੇ ਇਸ ਸਮੱਗਰੀ ਨੂੰ ਉਚਿਤ ਢੰਗ ਨਾਲ ਵੇਚ ਸਕਦੇ ਹਨ।

ਸਹਾਇਕ ਰਜਿਸਟਰਾਰ(ਗੁਪਤ)
ਵਾਸਤੇ ਰਜਿਸਟਰਾਰ